# ਕੋਵਿਡ-19 ਦੌਰਾਨ ਵਿੱਤੀ ਸਹਾਇਤਾ

## ਮੈਂ ਕਿਸ ਸੈਂਟਰਲਿੰਕ ਭੁਗਤਾਨ ਦੇ ਯੋਗ ਹਾਂ?

ਸੈਂਟਰਲਿੰਕ ਨੇ ਕੋਵਿਡ-19 ਦੇ ਜਵਾਬ ਵਿੱਚ ਉਨ੍ਹਾਂ ਦੇ ਭੁਗਤਾਨਾਂ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਹਨ, ਅਤੇ ਤੁਸੀਂ ਆਪਣੀ ਨਿੱਜੀ ਸਥਿਤੀ ਦੇ ਅਧਾਰ ਤੇ ਭੁਗਤਾਨਾਂ ਦੇ ਯੋਗ ਹੋ ਸਕਦੇ ਹੋ, ਭਾਵੇਂ ਤੁਸੀਂ ਪਹਿਲਾਂ ਯੋਗ ਨਹੀਂ ਸੀ। ਜੇ ਤੁਸੀਂ ਪਹਿਲਾਂ ਹੀ ਸੈਂਟਰਲਿੰਕ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਕੋਵਿਡ-19 ਦੇ ਦੌਰਾਨ ਵਾਧੂ ਅਦਾਇਗੀਆਂ ਦੇ ਹੱਕਦਾਰ ਹੋ ਸਕਦੇ ਹੋ।

**ਤੁਸੀਂ ਇਸ ਗਾਈਡ ਦੀ ਵਰਤੋਂ ਕਰਕੇ ਪਤਾ ਲਗਾ ਸਕਦੇ ਹੋ ਕਿ ਤੁਸੀਂ ਕਿਹੜੇ ਭੁਗਤਾਨ ਦੇ ਯੋਗ ਹੋ।**

ਸੈਂਟਰਲਿੰਕ ਭੁਗਤਾਨਾਂ ਵਿੱਚ ਬਦਲਾਆਂ ਦਾ ਸਾਰ **ਇੱਥੇ** ਉਪਲਬੱਧ ਹੈ।

ਸੈਂਟਰਲਿੰਕ ਨਾਲ ਕੰਮ ਕਰਦੇ ਸਮੇਂ, ਤੁਹਾਡੇ ਰਹਿਣ-ਸਹਿਣ ਅਤੇ ਵਿੱਤੀ ਸਹਾਇਤਾ ਬਾਰੇ ਇਮਾਨਦਾਰ ਹੋਣਾ ਬਹੁਤ ਮਹੱਤਵਪੂਰਨ ਹੈ, ਕਿਉਂਕਿ ਬੇਈਮਾਨੀ ਨਾਲ ਤੁਹਾਡੇ ਦੁਆਰਾ ਭੁਗਤਾਨਾਂ ਦਾ ਦਾਅਵਾ ਕਰਨਾ ਇਕ ਗੰਭੀਰ ਅਪਰਾਧਿਕ ਅਪਰਾਧ ਹੈ।

## ਜੇ ਮੈਂ ਸੈਂਟਰਲਿੰਕ ਦੇ ਫੈਸਲੇ ਨਾਲ ਸਹਿਮਤ ਨਹੀਂ ਤਾਂ ਮੈਂ ਕੀ ਕਰ ਸਕਦਾ\ਸਕਦੀ ਹਾਂ?

ਜੇ ਸੈਂਟਰਲਿੰਕ ਕੋਈ ਫੈਸਲਾ ਲੈਂਦਾ ਹੈ ਜਿਸ ਨਾਲ ਤੁਸੀਂ ਸਹਿਮਤ ਨਹੀਂ ਹੋ, ਤਾਂ ਤੁਹਾਡੇ ਕੋਲ ਅਧਿਕਾਰ ਹੈ ਕਿ ਇਸ ਦੀ ਸਮੀਖਿਆ ਇਕ ਅਧਿਕਾਰਤ ਸਮੀਖਿਆ ਅਧਿਕਾਰੀ ਦੁਆਰਾ ਕੀਤੀ ਜਾਵੇ, ਜਿਸ ਕੋਲ ਫ਼ੈਸਲੇ ਨੂੰ ਦੁਬਾਰਾ ਬਣਾਉਣ ਦੀ ਸ਼ਕਤੀ ਹੈ ਅਤੇ ਉਹ ਤੁਹਾਨੂੰ ਉਨ੍ਹਾਂ ਦੇ ਫੈਸਲੇ ਲਈ ਵਿਸਥਾਰਤ ਕਾਰਨਾਂ ਨਾਲ ਮੁਹੱਈਆ ਕਰਵਾਏ। ਤੁਸੀਂ ਕਿਸੇ ਅਧਿਕਾਰਤ ਸਮੀਖਿਆ ਅਧਿਕਾਰੀ ਦੁਆਰਾ ਸਮੀਖਿਆ ਲਈ ਬੇਨਤੀ ਫ਼ੋਨ ਰਾਹੀਂ ਜਾਂ ਲਿਖਤੀ ਤੌਰ 'ਤੇ ਕਰ ਸਕਦੇ ਹੋ।

ਕੋਵਿਡ-19 ਕਰਕੇ ਮੁਹੰਮਦ ਟੈਕਸੀ ਡਰਾਈਵਰ ਦੀ ਨੌਕਰੀ ਗੁਆ ਬੈਠਾ ਹੈ, ਜਿਸਦਾ ਅਰਥ ਹੈ ਕਿ ਉਹ ਆਪਣਾ ਗੁਜ਼ਾਰਾ ਕਰਨ ਅਤੇ ਆਪਣਾ ਕਿਰਾਇਆ ਜਾਰੀ ਰੱਖਣ ਲਈ ਸੰਘਰਸ਼ ਕਰੇਗਾ।

ਉਹ ਆਪਣੀ ਵਿੱਤੀ ਸਹਾਇਤਾ ਕਰਨ ਲਈ ਸੈਂਟਰਲਿੰਕ ਨਾਲ ਜੌਬਸੀਕਰ ਭੁਗਤਾਨ ਦੀ ਅਦਾਇਗੀ ਲਈ ਅਰਜ਼ੀ ਦੇ ਸਕਦਾ ਹੈ।

ਉਹ ਕਨਜ਼ਯੂਮਰ ਅਫੈਰਸ ਦੀ ਸਹਾਇਤਾ ਨਾਲ ਆਪਣੇ ਮਕਾਨ-ਮਾਲਕ ਤੋਂ ਕਿਰਾਏ ਦੀ ਰਾਹਤ ਵੀ ਮੰਗ ਸਕਦਾ ਹੈ,ਅਤੇ ਸਰਕਾਰ ਤੋਂ ਕਿਰਾਏ ਦੀ ਰਾਹਤ ਅਦਾਇਗੀ ਦੇ ਯੋਗ ਹੋ ਸਕਦਾ ਹੈ।

ਜੇ ਤੁਸੀਂ ਸੈਂਟਰਲਿੰਕ ਭੁਗਤਾਨਾਂ ਦੀ ਸਮੀਖਿਆ ਦੀ ਮੰਗ ਕਰ ਰਹੇ ਹੋ, ਤਾਂ ਇੱਕ ਅਧਿਕਾਰਤ ਸਮੀਖਿਆ ਅਧਿਕਾਰੀ ਕੋਲ ਭੁਗਤਾਨ ਵਧਾਉਣ ਦੀ ਤਾਕਤ ਹੋ ਸਕਦੀ ਹੈ ਜੇ ਉਹ ਸੋਚਦੇ ਹਨ ਕਿ ਇਹ ਵੱਧ ਹੋਣਾ ਚਾਹੀਦਾ ਹੈ, ਅਤੇ ਜੇ ਉਹ ਵਿਸ਼ਵਾਸ ਕਰਦੇ ਹਨ ਕਿ ਤੁਸੀਂ ਧੋਖਾਧੜੀ ਕੀਤੀ ਹੈ ਤਾਂ ਤੁਹਾਨੂੰ ਅਪਰਾਧਿਕ ਮੁਕੱਦਮਾ ਕਰਨ ਲਈ ਭੇਜ ਸਕਦਾ ਹੈ।

ਜੇ ਤੁਸੀਂ ਅਧਿਕਾਰਤ ਸਮੀਖਿਆ ਅਧਿਕਾਰੀ ਦੇ ਫੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਇਸ ਫੈਸਲੇ ਨੂੰ ਪ੍ਰਸ਼ਾਸਕੀ ਅਪੀਲ ਟ੍ਰਿਬਿਉਨਲ (AAT) ਕੋਲ ਅਪੀਲ ਕਰ ਸਕਦੇ ਹੋ। ਆਪਣੇ ਫੈਸਲੇ ਦੀ ਅਪੀਲ ਕਰਨ ਤੋਂ ਪਹਿਲਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

## ਉਦੋਂ ਕੀ ਜੇ ਮੈਂ ਸੈਂਟਰਲਿੰਕ ਭੁਗਤਾਨਾਂ ਦੇ ਯੋਗ ਨਹੀਂ ਹਾਂ?

ਜੇ ਤੁਸੀਂ ਅੰਤਰਰਾਸ਼ਟਰੀ ਵਿਦਿਆਰਥੀ ਹੋ, ਤਾਂ ਤੁਸੀਂ ਸਰਕਾਰ ਦੁਆਰਾ ਰਾਹਤ ਅਦਾਇਗੀਆਂ ਦੇ ਯੋਗ ਹੋ ਸਕਦੇ ਹੋ (**ਇੱਥੇ** ਦੇਖੋ) ਜਾਂ ਤੁਹਾਡਾ ਸਿੱਖਿਆ ਪ੍ਰਦਾਤਾ ਵਿੱਤੀ ਸਹਾਇਤਾ ਪ੍ਰਦਾਨ ਕਰ ਸਕਦਾ ਹੈ (ਇਹ ਪਤਾ ਲਗਾਉਣ ਲਈ ਤੁਹਾਨੂੰ ਆਪਣੇ ਸਿੱਖਿਆ ਪ੍ਰਦਾਤਾ ਜਾਂ ਵਿਦਿਆਰਥੀ ਯੂਨੀਅਨ ਨਾਲ ਸੰਪਰਕ ਕਰਨਾ ਚਾਹੀਦਾ ਹੈ)।

ਜੇ ਤੁਸੀਂ ਸ਼ਰਨਾਰਥੀ ਹੋ, ਤਾਂ ਤੁਸੀਂ ਕਈ ਸੰਸਥਾਵਾਂ, ਜਿਵੇਂ ਕਿ ਅਸਾਇਲਮ ਸੀਕਰ ਰਿਸੋਰਸ ਸੈਂਟਰ (03 9326 6066) ਰਾਹੀਂ ਭੋਜਨ ਅਤੇ ਹੋਰ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

NORTHERN COMMUNITY LEGAL CENTRE

**ਹੋਰ ਕਿਹੜੀਆਂ ਵਿੱਤੀ ਸਹਾਇਤਾ ਉਪਲਬਧ ਹੈ?**

ਜੇ ਤੁਸੀਂ ਕੋਵਿਡ-19 ਦੇ ਕਾਰਨ ਕਿਰਾਇਆ ਰਾਹਤ ਦੇ ਯੋਗ ਹੋ, ਤਾਂ ਤੁਸੀਂ **ਕਿਰਾਇਆ ਰਾਹਤ ਅਦਾਇਗੀਆਂ** ਦੇ ਯੋਗ ਹੋ ਸਕਦੇ ਹੋ। ਕਿਰਾਏ ਦੀ ਰਾਹਤ ਦੀ ਮੰਗ ਬਾਰੇ ਜਾਣਕਾਰੀ ਲਈ ਸਾਡੀ ਕਿਰਾਏਦਾਰੀ ਦੀ ਫੈਕਟ ਸ਼ੀਟ **ਇੱਥੇ** ਵੇਖੋ।

ਜੇ ਤੁਹਾਡਾ ਰੁਜ਼ਗਾਰਦਾਤਾ ਕੋਵਿਡ-19 ਦੁਆਰਾ ਕਾਫ਼ੀ ਪ੍ਰਭਾਵਿਤ ਹੋਇਆ ਹੈ, ਤਾਂ ਤੁਸੀਂ **ਜੌਬਕਿੱਪਰ ਭੁਗਤਾਨ** ਦੇ ਹੱਕਦਾਰ ਹੋ ਸਕਦੇ ਹੋ। ਜੌਬਕਿੱਪਰ ਭੁਗਤਾਨ ਬਾਰੇ ਜਾਣਕਾਰੀ **ਇੱਥੇ** ਉਪਲਬਧ ਹੈ।

**ਜੇ ਤੁਹਾਡੇ ਕੋਲ ਹੋਮ ਲੋਨ** ਹੈ ਅਤੇ ਤੁਸੀਂ ਮੁੜ ਭੁਗਤਾਨ ਦੀਆਂ ਕਿਸ਼ਤਾਂ ਨਹੀਂ ਦੇ ਸਕਦੇ, **ਤਾਂ ਤੁਸੀਂ ਮੁਲਤਵੀ ਭੁਗਤਾਨਾਂ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ**। ਤੁਹਾਨੂੰ ਇਸ ਬਾਰੇ ਵਿੱਤੀ ਸਲਾਹਕਾਰ ਨਾਲ ਗੱਲ ਕਰਨੀ ਚਾਹੀਦੀ ਹੈ।

**ਤੁਸੀਂ ਆਪਣੇ ਕੁਝ ਸੂਪਰਰੈਨੂਏਸ਼ਨ ਦੀ ਰਕਮ ਕਢਾਉਣ ਦੇ ਹੱਕਦਾਰ ਵੀ ਹੋ ਸਕਦੇ ਹੋ**। ਇਸ ਬਾਰੇ ਜਾਣਕਾਰੀ **ਇੱਥੇ** ਉਪਲਬਧ ਹੈ। ਅਜਿਹਾ ਕਰਨ ਤੋਂ ਪਹਿਲਾਂ ਤੁਹਾਨੂੰ ਵਿੱਤੀ ਸਲਾਹਕਾਰ ਤੋਂ ਸਲਾਹ ਲੈਣੀ ਚਾਹੀਦੀ ਹੈ।

ਤੁਹਾਡੇ ਨਿੱਜੀ ਸਥਿਤੀਆਂ ਦੇ ਅਧਾਰ ਤੇ ਤੁਹਾਡੇ ਲਈ ਹੋਰ ਵਿੱਤੀ ਸਹਾਇਤਾ ਉਪਲਬਧ ਹੋ ਸਕਦੀ ਹੈ। **ਜੇ ਤੁਸੀਂ ਵਿੱਤੀ ਤਣਾਅ ਵਿਚ ਹੋ,** ਤਾਂ ਤੁਹਾਨੂੰ ਆਪਣੇ ਵਿੱਤ ਪ੍ਰਬੰਧਨ ਵਿਚ ਸਹਾਇਤਾ ਲਈ ਅਤੇ ਇਹ ਪਤਾ ਕਰਨ ਲਈ ਕਿ ਤੁਸੀਂ ਹੋਰ ਕਿਹੜੀ ਸਹਾਇਤਾ ਦੇ ਹੱਕਦਾਰ ਹੋ ਸਕਦੇ ਹੋ, **ਲਈ ਤੁਹਾਨੂੰ ਕਿਸੇ ਵਿੱਤੀ ਸਲਾਹਕਾਰ ਨਾਲ ਗੱਲ ਕਰਨੀ ਚਾਹੀਦੀ ਹੈ।**

**ਹੋਰ ਜਾਣਕਾਰੀ*:***

ਆਸਟਰੇਲੀਆ ਸੇਵਾਵਾਂ:
servicesaustralia.gov.au/individuals/subjects/affected-coronavirus-covid-19

ਨੈਸ਼ਨਲ ਡੈਬਟ ਹੈਲਪਲਾਈਨ:
ndh.org.au/debt-problems/covid19/

**ਮੁਫਤ ਵਿੱਤੀ ਸਲਾਹ ਸੇਵਾਵਾਂ*:***

ਨੈਸ਼ਨਲ ਡੈਬਟ ਹੈਲਪਲਾਈਨ:
1800 007 007

ਯੂਨਾਈਟਿਡ ਲੈਂਟੇਰਾ (ਮੋਰਲੈਂਡ ਅਤੇ ਹਿਉਮ ਸਿਟੀ ਕੌਂਸਲਾਂ):
(03) 9351 3600

ਨੇਕਸਸ ਪ੍ਰਾਇਮਰੀ ਹੈਲਥ (ਮਿਸ਼ੇਲ ਸ਼ਾਇਰ):
1300 77 33 52

ਯੂਨਾਈਟਿਡ ਕਿਲਡੋਨਨ (ਉੱਤਰ-ਪੂਰਬੀ ਖੇਤਰ):
1800 002 992

**ਮੁਫਤ ਕਾਨੂੰਨੀ ਸਲਾਹ ਲਵੋ!**

**ਨੌਰਦਨ ਕਮਿਊਨਿਟੀ ਲੀਗਲ ਸੈਂਟਰ**
(03) 9310 4376
admin@northernclc.org.au

**ਸਮਾਜਿਕ ਸੁਰੱਖਿਆ ਅਧਿਕਾਰ ਵਿਕਟੋਰੀਆ**
(Monday – Thursday, 9.30AM – 12.30PM):
0419 793 652

**ਵਿਕਟੋਰੀਆ ਲੀਗਲ ਏਡ:**
1300 792 387

**ਇਹ ਦਸਤਾਵੇਜ਼ ਕਾਨੂੰਨੀ ਸਲਾਹ ਨਹੀਂ ਹੈ। ਇਹ ਜਾਣਕਾਰੀ 1 ਮਈ 2020 ਤੱਕ ਸਹੀ ਹੈ, ਹਾਲਾਂਕਿ ਇਸ ਮਿਆਦ ਦੇ ਦੌਰਾਨ ਚੀਜ਼ਾਂ ਬਹੁਤ ਤੇਜ਼ੀ ਨਾਲ ਬਦਲ ਰਹੀਆਂ ਹਨ, ਇਸ ਲਈ ਤੁਹਾਨੂੰ ਇਸ ਜਾਣਕਾਰੀ ਦੇ ਅਧਾਰ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।**

NORTHERN COMMUNITY LEGAL CENTRE